# Phone call between External Affairs Minister, Dr. S. Jaishankar and Foreign Minister of China, H.E. Mr. Wang Yi

June 17, 2020

………………………………………………………………………………………

## ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਚੀਨੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਵੈਂਗ ਯੀ ਦਰਮਿਆਨ ਫੋਨ 'ਤੇ ਹੋਈ ਗੱਲਬਾਤ

17 ਜੂਨ, 2020

1. ਚੀਨ ਦੇ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਅਤੇ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਵੈਂਗ ਯੀ ਨੇ ਅੱਜ ਦੁਪਹਿਰ ਲੱਦਾਖ ਵਿੱਚ ਹੋਈਆਂ ਹਾਲੀਆ ਘਟਨਾਵਾਂ ਬਾਰੇ ਫ਼ੋਨ 'ਤੇ ਗੱਲਬਾਤ ਕੀਤੀ।

2. ਵਿਦੇਸ਼ ਮੰਤਰੀ ਨੇ ਸਖ਼ਤ ਸ਼ਬਦਾਂ ਵਿੱਚ 15 ਜੂਨ, 2020 ਨੂੰ ਗਲਵਾਨ ਵਾਦੀ ਵਿਚ ਹੋਏ ਹਿੰਸਕ ਟਕਰਾਅ ਉੱਤੇ ਭਾਰਤ ਸਰਕਾਰ ਦਾ ਵਿਰੋਧ  ਦਰਜ ਕਰਾਇਆ। ਉਨ੍ਹਾਂ ਨੇ ਯਾਦ ਦੁਆਇਆ ਕਿ 6 ਜੂਨ ਨੂੰ ਹੋਈ ਸੀਨੀਅਰ ਫੌਜੀ ਕਮਾਂਡਰਾਂ ਦੀ ਬੈਠਕ ਵਿੱਚ ਅਸਲ ਕੰਟਰੋਲ ਲਾਈਨ (LAC) ਉੱਤੇ ਡੀ-ਐਸਕੇਲਸ਼ਨ ਅਤੇ ਡਿਸਇੰਗੇਜਮੈਂਟ ਕਰਨ ਬਾਰੇ ਸਮਝੌਤਾ ਹੋਇਆ ਸੀ। ਬੀਤੇ ਸਾਰੇ ਹਫਤੇ ਦੌਰਾਨ ਇਸ ਸਮਝੌਤੇ ਨੂੰ ਲਾਗੂ ਕਰਨ ਲਈ ਗਰਾਉਂਡ ਕਮਾਂਡਰ ਬਾਕਾਇਦਾ ਬੈਠਕਾਂ ਕਰਦੇ ਰਹੇ। ਹਾਲਾਂਕਿ ਗੱਲ ਕੁਝ ਅੱਗੇ ਵਧੀ, ਪਰ ਚੀਨੀ ਪੱਖ ਨੇ LAC ਦੇ ਸਾਡੇ ਵਾਲੇ ਪਾਸੇ ਗਾਲਵਾਨ ਘਾਟੀ ਅੰਦਰ ਇੱਕ ਢਾਂਚਾ ਉਸਾਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਹ ਝਗੜੇ ਦਾ ਕਾਰਨ ਬਣ ਗਿਆ ਤਾਂ ਚੀਨੀ ਪੱਖ ਨੇ ਪਹਿਲਾਂ ਤੋਂ ਦੀ ਸੋਚੇ-ਸਮਝੇ ਤਰੀਕੇ ਅਤੇ ਵਿਉਂਤਬੰਦੀ ਨਾਲ ਕਾਰਵਾਈ ਕੀਤੀ, ਜਿਸਦੇ ਸਿੱਟੇ ਵਜੋਂ ਹੋਈ ਹਿੰਸਾ ਅਤੇ ਜਾਨੀ ਨੁਕਸਾਨ ਲਈ ਇਸਦੀ ਸਿੱਧੀ ਜ਼ਿੰਮੇਵਾਰੀ ਬਣਦੀ ਸੀ। ਇਹ ਕਾਰਵਾਈ ਹਾਲਾਤ ਵਿੱਚ ਕੋਈ ਬਦਲਾਅ ਨਾ ਲਿਆਉਣ ਬਾਰੇ ਹੋਏ ਸਾਡੇ ਸਾਰੇ ਸਮਝੌਤਿਆਂ ਦੀ ਉਲੰਘਣਾ ਹੈ, ਜੋ ਜ਼ਮੀਨੀ ਹਕੀਕਤਾਂ ਨੂੰ ਬਦਲਣ ਦੇ ਮੰਤਵ ਦੀ ਪ੍ਰਤੀਕ ਹੈ।

3. ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹੁਣ ਤੱਕ ਕਦੀ ਵੀ ਨਾ ਹੋਈ ਅਜਿਹੀ ਕਾਰਵਾਈ ਦਾ ਦੁਵੱਲੇ ਸੰਬੰਧਾਂ 'ਤੇ ਗੰਭੀਰ ਅਸਰ ਹੋਵੇਗਾ। ਸਮੇਂ ਦੀ ਲੋੜ ਹੈ ਚੀਨੀ ਪੱਖ ਨੂੰ ਆਪਣੀ ਕਾਰਵਾਈਆਂ ਦਾ ਮੁਲਾਂਕਣ ਕਰਕੇ ਸੁਧਾਰਕ ਕਦਮ ਚੁੱਕੇ। ਦੋਵਾਂ ਧਿਰਾਂ ਨੂੰ ਗੰਭੀਰਤਾ ਅਤੇ ਇਮਾਨਦਾਰੀ ਨਾਲ 6 ਜੂਨ ਨੂੰ ਸੀਨੀਅਰ ਕਮਾਂਡਰਾਂ ਵਿਚਾਲੇ ਹੋਏ ਸਮਝੌਤੇ ਨੂੰ ਲਾਗੂ ਕਰਨਾ ਚਾਹੀਦਾ ਹੈ। ਦੋਵਾਂ ਪਾਸਿਆਂ ਦੇ ਫੌਜੀਆਂ ਨੂੰ ਵੀ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕੋਲ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਅਸਲ ਕੰਟਰੋਲ ਰੇਖਾ ਦਾ ਸਖਤੀ ਨਾਲ ਪਾਲਣ ਕਰ ਇਸਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਇਸ ਵਿੱਚ ਬਦਲਾਅ ਲਿਆਉਣ ਵਾਲੀ ਕੋਈ ਇੱਕਤਰਫ਼ਾ ਕਾਰਵਾਈ ਨਹੀਂ ਕਰਨੀ ਚਾਹੀਦੀ।

4. ਆਪਣੀ ਤਰਫੋਂ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਨੇ ਹਾਲ ਦੀਆਂ ਘਟਨਾਵਾਂ ਬਾਰੇ ਚੀਨੀ ਪੱਖ ਦੱਸਿਆ|

5. ਇਸ ਵਿਚਾਰ ਵਟਾਂਦਰੇ ਦੇ ਅਖੀਰ ਵਿਚ ਇਸ ਗੱਲ ਉੱਤੇ ਸਹਿਮਤੀ ਹੋਈ ਕਿ ਸਮੁੱਚੇ ਹਾਲਾਤ ਨਾਲ ਜ਼ਿੰਮੇਵਾਰੀ ਨਾਲ ਨਜਿੱਠਿਆ ਜਾਵੇਗਾ ਅਤੇ ਦੋਵੇਂ ਧਿਰਾਂ 6 ਜੂਨ ਨੂੰ ਡਿਸ-ਇੰਗੇਜਮੈਂਟ ਬਾਰੇ ਹੋਇਆ ਸਮਝੌਤਾ ਇਮਾਨਦਾਰੀ ਨਾਲ ਲਾਗੂ ਕਰਨਗੀਆਂ| ਕੋਈ ਵੀ ਪੱਖ ਮਸਲੇ ਨੂੰ ਹੋਰ ਗੁੰਝਲਦਾਰ ਬਣਾਉਣ ਵਾਲੀ ਕੋਈ ਕਾਰਵਾਈ ਨਹੀਂ ਕਰੇਗਾ ਅਤੇ ਇਸ ਦੀ ਬਜਾਏ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਅਨੁਸਾਰ ਅਮਨ ਅਤੇ ਸ਼ਾਂਤੀ ਯਕੀਨੀ ਬਣਾਵੇਗਾ|

ਨਵੀਂ ਦਿੱਲੀ
17 ਜੂਨ, 2020

DISCLAIMER: This is an approximate translation. The original is available in English on MEA’s website and may be referred to as the official press release.